## ਲੋਕਾਂ ਦੇ ਅਧਿਕਾਰ

ਇਹ ਅਧਿਨਿਯਮ ਲੋਕਾਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਤੇ ਰੱਖਿਆ ਕਰਨ ਲਈ ਲੋੜ ਪੈਣ 'ਤੇ ਕਾਰਵਾਈ ਕਰਨ ਦਰਮਿਆਨ ਸੰਤੁਲਨ ਕਾਇਮ ਰੱਖਣ ਬਾਰੇ ਹੈ।

ਇਹ ਯਕੀਨੀ ਕਰਦੇ ਹੋਏ ਕਿ ਉਨ੍ਹਾਂਨੂੰ ਸਹਾਇਤਾ ਦੀ ਲੋੜ ਪੈਣ 'ਤੇ ਉਹ ਉਪਲਬਧ ਹੋਵੇ, ਲੋਕਾਂ ਨੂੰ ਆਪਣੀ ਮਰਜ਼ੀ ਦੇ ਮੁਤਾਬਕ ਆਪਣੀ ਜ਼ਿੰਦਗੀ ਜੀਣ 'ਚ ਇਸਨੂੰ ਮਦਦ ਕਰਨੀ ਚਾਹੀਦੀ ਹੈ, ਅਤੇ ਇਸਨੂੰ ਨੁਕਸਾਨ ਦੇ "ਜੋਖਮ ਹੇਠ ਬਾਲਗਾਂ" ਨੂੰ ਰੱਖਿਆ ਦੇ ਸਾਧਨ ਮੁਹੱਈਆ ਕਰਵਾਉਣੇ ਚਾਹੀਦੇ ਹਨ।

## ਕਾਰਵਾਈ ਕੌਣ ਕਰੇਗਾ?

ਦੂਜੇ ਸੰਗਠਨਾਂ ਸਮੇਤ, ਹੁਣ ਕੌਂਸਲ, ਸਿਹਤ ਅਤੇ ਪੁਲਸ ਸਟਾਫ਼ ਨੂੰ ''ਜੋਖਮ ਹੇਠ ਬਾਲਗਾਂ'' ਦੀ ਰੱਖਿਆ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਉਨ੍ਹਾਂ ਮਾਮਲਿਆਂ ਬਾਰੇ ਪੁੱਛਗਿੱਛ ਅਤੇ ਪੜਚੋਲ ਕਰਨੀ ਕੌਂਸਲ ਦਾ ਕਰਤੱਵ ਹੈ ਜਿਨ੍ਹਾਂ 'ਚ ਕੋਈ ਨੁਕਸਾਨ ਗਿਆਤ ਹੋਵੇ ਜਾਂ ਉਸਦਾ ਸ਼ੱਕ ਹੋਵੇ। ਕੌਂਸਲ ਦੇ ਅਫ਼ਸਰਾਂ ਕੋਲ ਲੋਕਾਂ ਨੂੰ ਮਿਲਣ ਅਤੇ ਉਨ੍ਹਾਂ ਦਾ ਇੰਟਰਵਿਊ ਲੈਣ, ਚਿਕਿਤਸੀ ਜਾਂਚਾਂ ਦੀ ਵਿਵਸਥਾ ਕਰਨ ਅਤੇ ਰਿਕਾਰਡਾਂ ਦੀ ਜਾਂਚ ਕਰਨ ਦਾ ਅਧਿਕਾਰ ਹੁੰਦਾ ਹੈ। ਉਨ੍ਹਾਂ ਨੂੰ ਇਸ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਸਮਰਥਨ ਅਤੇ ਦੂਜੀਆਂ ਸੇਵਾਵਾਂ, ਜਿਵੇਂ ਦਵਾਈ 'ਚ ਮਦਦ, ਜਾਂ ਸਹਾਇਕ ਸੇਵਾਵਾਂ ਦੀ ਲੋੜ ਹੈ ਜਾਂ ਨਹੀਂ।

ਤਿੰਨ ਨਵੇਂ ਕਿਸਮ ਦੇ ''ਸੁਰੱਖਿਆ ਆਦੇਸ਼'' ਵੀ ਹੁੰਦੇ ਹਨ ਜਿਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਮੈਨੂੰ ਕਿਸਨੂੰ ਸੰਪਰਕ ਕਰਨਾ ਚਾਹੀਦਾ ਹੈ?

ਆਪਣੀਆਂ ਸਥਾਨਕ ਸਮਾਜਕ ਕਾਰਜ ਸੇਵਾਵਾਂ ਨਾਲ ਸੰਪਰਕ ਕਰੋ। ਤੁਸੀਂ ਕਿਸੇ ਸਿਹਤ ਪੇਸ਼ੇਵਰ ਜਾਂ ਪੁਲਸ ਨਾਲ ਵੀ ਗੱਲ ਕਰ ਸਕਦੇ ਹੋ। ਉਹ ਤੁਹਾਡੀਆਂ ਚਿੰਤਾਵਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਣਗੇ।

ਇਹ ਦਸਤੀ ਇਸ਼ਤਿਹਾਰ ਦੂਜੇ ਰੂਪਾਂ ਅਤੇ ਭਾਸ਼ਾਵਾਂ 'ਚ ਉਪਲਬਧ ਹੈ। ਕਿਰਪਾ ਕਰਕੇ 0131 244 3633 'ਤੇ ਬਾਲਗ ਸੁਰੱਖਿਆ ਕਨੂੰਨ ਦਲ ਨੂੰ ਫ਼ੋਨ ਕਰੋ ਜਾਂ ਜਾਣਕਾਰੀ ਲਈ ASPUnit@scotland.gsi.gov.uk 'ਤੇ ਈਮੇਲ ਭੇਜੋ ।

# ਬਾਲਗ ਸਹਾਇਤਾ ਅਤੇ ਸੁਰੱਖਿਆ: ਸਹਾਇਤਾ ਯਕੀਨੀ ਬਣਾਉਣੀ ਅਤੇ ਨੁਕਸਾਨ ਦੀ ਰੋਕਥਾਮ ਕਰਨੀ

ਬਾਲਗ ਸਹਾਇਤਾ ਅਤੇ ਸੁਰੱਖਿਆ (ਸਕਾੱਟਲੈਂਡ) ਅਧਿਨਿਯਮ 2007 ਕੁਝ ਖਾਸ ਬਾਲਗਾਂ ਨੂੰ ਸਹਾਇਤਾ ਅਤੇ ਸੁਰੱਖਿਆ ਪੇਸ਼ ਕਰਨ ਦੇ ਤਰੀਕੇ ਮੁਹੱਈਆ ਕਰਦਾ ਹੈ ਜਿਨ੍ਹਾਂਨੂੰ ਨੁਕਸਾਨ ਜਾਂ ਅਣਗੈਹਲੀ ਦਾ ਜੋਖਮ ਹੋਵੇ।

## ਅਧਿਨਿਯਮ ਦੇ ਮੁਤਾਬਕ ਕੌਣ ਨੁਕਸਾਨ ਦੇ ''ਜੋਖਮ ਹੇਠ ਬਾਲਗ'' ਹੈ?

ਨੁਕਸਾਨ ਦੇ ''ਜੋਖਮ ਹੇਠ ਬਾਲਗ'' 16 ਜਾਂ ਵੱਧ ਉਮਰ ਦਾ ਕੋਈ ਵਿਅਕਤੀ ਹੁੰਦਾ ਹੈ ਜੋ ਇਨ੍ਹਾਂ 'ਚੋਂ ਕਿਸੇ ਇਕ ਕਰਕੇ ਕਿਸੇ ਹੋਰ ਵਿਅਕਤੀ ਦੁਆਰਾ ਪਹੁੰਚਾਏ ਜਾਣ ਵਾਲੇ ਨੁਕਸਾਨ, ਜਾਂ ਸ਼ੋਸ਼ਣ ਜਾਂ ਅਣਗੈਹਲੀ ਤੋਂ ਆਪਣੀ ਰੱਖਿਆ ਕਰਨ 'ਚ ਅਸਮਰੱਥ ਹੋਵੇ :

- ਅਸਮਰੱਥਾ :
- ਮਾਨਸਕ ਵਿਕਾਰ ;
- ਬਿਮਾਰੀ : ਜਾਂ
- ਸਰੀਰਕ ਜਾਂ ਮਾਨਸਕ ਕਮਜ਼ੋਰੀ।

## ਮੈਂ ਕੀ ਕਰ ਸਕਦਾ/ਸਕਦੀ ਹਾਂ?

ਜੇਕਰ ਤੁਸੀਂ ਚਿੰਤਤ ਹੋ ਕਿ ਤੁਹਾਨੂੰ ਜਾਂ ਤੁਹਾਡੀ ਪਛਾਣ ਦੇ ਕਿਸੇ ਵਿਅਕਤੀ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਅਣਗੈਹਲੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਜਾਂ ਦੁਰਵਿਹਾਰ ਕੀਤਾ ਜਾ ਰਿਹਾ ਹੈ, ਤਾਂ **ਕਿਸੇ ਨੂੰ ਇਸ ਬਾਰੇ ਦੱਸਣਾ ਜ਼ਰੂਰੀ ਹੈ।** ਹਰ ਕਿਸੇ ਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ।

ਯਾਦ ਰੱਖੋ, ਇੰਜ ਕਰਨ ਵਾਲਾ ਵਿਅਕਤੀ ਦੂਜਿਆਂ ਨਾਲ ਵੀ ਇੰਜ ਕਰ ਰਿਹਾ ਹੋਵੇਗਾ। ਜਾਂ ਇੰਜ ਹੋ ਸਕਦਾ ਹੈ ਕਿ ਜਿਸ ਵਿਅਕਤੀ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਜਾਂ ਅਣਗੈਹਲੀ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ ਆਪ ਉਸ ਬਾਰੇ ਦੱਸਣ ਤੋਂ ਸਮਰੱਥ ਨਾ ਹੋਵੇ। ਭਾਵੇਂ ਇਹ ਕਈ ਸਾਲ ਪਹਿਲਾਂ ਹੋਇਆ ਹੋਵੇ, ਹੁਣ ਵੀ ਇਸਦੀ ਜਾਣਕਾਰੀ ਦੇਣਾ ਮਹੱਤਵਪੂਰਨ ਹੈ।

**ਨੁਕਸਾਨ ਕੀ ਹੁੰਦਾ ਹੈ?**

***ਹਰ ਕਿਸਮ ਦੇ*** ਨੁਕਸਾਨਦਾਇਕ ਵਿਹਾਰ ਨੂੰ ਨੁਕਸਾਨ ਕਿਹਾ ਜਾਂਦਾ ਹੈ। ਇਸਦੇ ਕੁਝ ਉਦਾਹਰਨਾਂ 'ਚ ਸ਼ਾਮਲ ਹਨ :

**ਸਰੀਰਕ** : ਮਾਰਨਾ, ਚਪੇੜ ਮਾਰਨਾ, ਧੱਕਾ ਦੇਣਾ, ਜ਼ੋਰ ਨਾਲ ਹਿਲਾਓਣਾ, ਉਸਨੂੰ ਇਕ ਕਮਰੇ 'ਚ ਬੰਦ ਕਰਨਾ, ਉਸਨੂੰ ਇਕ ਕੁਰਸੀ ਨਾਲ ਬੰਨ੍ਹਣਾ, ਉਸਦੀ ਸੁਤੰਤਰਤਾ 'ਤੇ ਪਾਬੰਦੀ ਲਾਉਣਾ।

**ਮਾਨਸਕ** : ਨੁਕਸਾਨ ਕਰਨ ਦੀ ਧਮਕੀ, ਇਕੱਲਾ ਛੱਡਿਆ ਜਾਣਾ, ਬੇਇੱਜ਼ਤੀ, ਡਰ, ਮਾਨਸਿਕ ਤੌਰ ਤੇ ਪਰੇਸ਼ਾਨ ਕਰਨਾ, ਜ਼ਬਾਨੀ ਗਾਲ਼ ਕੱਢਣਾ, ਸਤਾਉਣਾ, ਦੋਸ਼ ਲਾਉਣਾ, ਲਗਾਤਾਰ ਨੁਕਤਾਚੀਨੀ, ਕਾਬੂ 'ਚ ਰਖਣਾ, ਦੂਜਿਆਂ ਨਾਲ ਸੰਪਰਕ ਤੋਂ ਵੰਚਤ ਕਰਨਾ।

**ਅਣਗੌਹਲੀ** : ਚਿਕਿਤਸੀ ਜਾਂ ਸਰੀਰਕ ਦੇਖਭਾਲ ਅਤੇ ਡਾਕਟਰ ਜਾਂ ਦੂਜੀਆਂ ਸੇਵਾਵਾਂ ਤਕ ਪਹੁੰਚ ਮੁਹੱਈਆ ਨਾ ਕਰਵਾਉਣੀ, ਜਾਂ ਕਿਸੇ ਵਿਅਕਤੀ ਨੂੰ ਦਵਾਈ, ਭੋਜਨ ਜਾਂ ਤਾਪਨ ਨਾ ਦੇਣਾ, ਗੁਪਤਤਾ ਜਾਂ ਸਨਮਾਨ ਤੋਂ ਵੰਚਿਤ ਕਰਨਾ, ਸਵੈ ਅਣਗੌਹਲੀ ਕਰਨੀ।

**ਵਿੱਤੀ** : ਚੋਰੀ ਕਰਨਾ, ਧੋਖਾ ਦੇਣਾ, ਸੰਪੱਤੀ ਜਾਂ ਰਕਮ ਸਪੁਰਦ ਕਰਨ ਜਾਂ ਹਸਤਾਖਰ ਕਰਨ ਲਈ ਦਬਾਵ, ਸੰਪੱਤੀ ਜਾਂ ਕਲਿਆਣ ਸਬੰਧੀ ਫ਼ਾਇਦਿਆਂ ਦੀ ਦੁਰਵਰਤੋਂ, ਜਾਂ ਕਿਸੇ ਵਿਅਕਤੀ ਨੂੰ ਉਸਦੀ ਰਕਮ ਜਾਂ ਜਾਇਦਾਦ ਪ੍ਰਾਪਤ ਕਰਨ ਤੋਂ ਰੋਕਣਾ।

**ਲਿੰਗੀ** : ਕਿਸੇ ਵਿਅਕਤੀ ਦੀ ਸਮਝ ਜਾਂ ਇੱਛਾ ਤੋਂ ਬਿਨਾਂ ਕੋਈ ਲਿੰਗੀ ਕਾਰਵਾਈ, ਫੋਟੋ ਖਿੱਚਣਾ, ਲਿੰਗੀ ਦੁਰਵਿਹਾਰ, ਦ੍ਰਿਸ਼-ਰਤਿਕ।

**ਜਾਣਕਾਰੀ** : ਜਾਣਕਾਰੀ ਨਾ ਦੇਣੀ ਜਾਂ ਅਧਿਕਾਰਾਂ ਜਾਂ ਇਖਤਿਆਰਾਂ ਬਾਰੇ ਸਲਾਹ ਤੋਂ ਵੰਚਿਤ ਰਖਣਾ।

**ਭੇਦਭਾਵ** : ਉਮਰ, ਰੰਗ, ਅਸਮਰੱਥਤਾ, ਲਿੰਗ, ਜਾਤੀ, ਧਰਮ, ਸਭਿਆਚਾਰਕ ਪਿੱਠਭੂਮੀ ਜਾਂ ਲਿੰਗੀ ਪ੍ਰਵਿਰਤੀ ਕਰਕੇ ਭੇਦਭਾਵ।

**ਨੁਕਸਾਨ ਕਿੱਥੇ ਪਹੁੰਚਾਇਆ ਜਾ ਸਕਦਾ ਹੈ?**

ਕਿਤੇ ਵੀ। ਇਹ ਪਰਵਾਰਕ ਘਰ, ਹਸਪਤਾਲ ਦੇ ਵਾਰਡ, ਦੇਖਭਾਲ ਕੇਂਦਰ, ਡੇ ਸਰਵਿਸਿਜ਼, ਸਮਾਜਕ ਕਲੱਬਾਂ, ਡੇ ਸੈਂਟਰਸ, ਕਾਰਜੀ ਅਤੇ ਜਨਤੱਕ ਥਾਂਵਾਂ 'ਤੇ ਹੋ ਸਕਦਾ ਹੈ।

**ਨੁਕਸਾਨ ਦੇ ਸੰਭਾਵੀ ਲੱਛਣਾਂ 'ਚ ਸ਼ਾਮਲ ਹਨ :**

- ਅਣਵਿਖਾਇਆਈਆਂ ਜਾਂ ਅਸਧਾਰਨ ਸੱਟਾਂ;
- ਸੱਟਾਂ ਜਾਂ ਬਿਮਾਰੀਆਂ ਦਾ ਇਲਾਜ ਕਰਾਉਣ 'ਚ ਦੇਰੀ;
- ਪਰੇਸ਼ਾਨੀ 'ਚ ਅਚਾਨਕ ਵਾਧਾ;
- ਸਿਹਤ ਜਾਂ ਰੂਪ 'ਚ ਅਣਵਿਖਾਇਆਇਆ ਵਿਗਾੜ
- ਲੋਕਾਂ ਦਾ ਬੇਚੈਨ ਹੋਣਾ ਜਾਂ ਡਰਨਾ;
- ਦਵਾਈ ਦੀ ਦੁਰਵਰਤੋਂ, ਜਿਵੇਂ, ਠੀਕ ਤਰ੍ਹਾਂ ਦਵਾਈਆਂ ਨਾ ਦੇਣਾ;
- ਵਿਹਾਰ 'ਚ ਅਣਵਿਖਾਇਆਇਆ ਬਦਲਾਵ, ਜਿਵੇਂ, ਬੇਚੈਨ ਹੋਣਾ ਅਤੇ ਚੁਪ ਚੁਪੀਤਾ ਰਹਿਣਾ, ਕਿਸੇ ਹੋਰ ਵਿਅਕਤੀ ਦਾ ਡਰ;
- ਕਿਸੇ ਵਿਅਕਤੀ ਨੂੰ ਦੇਖਭਾਲ 'ਚ ਸ਼ਾਮਲ ਜਾਂ ਉਸਤੋਂ ਬਾਹਰ ਕਰਨ ਲਈ ਪਰਵਾਰ ਜਾਂ ਪੇਸ਼ੇਵਰ(ਰਾਂ) ਵੱਲੋਂ ਦਬਾਵ
- ਕਿਸੇ ਵਿਅਕਤੀ ਦੁਆਰਾ ਵੈਰਭਾਵੀ ਜਾਂ ਬੇਰੈਹਮ ਵਿਹਾਰ;
- ਅਣਵਿਖਾਇਆਇਆ ਰਿਣ, ਸੇਵਾਵਾਂ ਲਈ ਬਿਲਾਂ ਦਾ ਭੁਗਤਾਨ ਨਾ ਕਰਨਾ;
- ਆਪਣੀਆਂ ਮੁਢਲੀਆਂ ਜ਼ਰੂਰਤਾਂ, ਜਿਵੇਂ ਪਰਯਾਪਤ ਭੋਜਨ ਜਾਂ ਤਾਪਨ, ਪੂਰੀਆਂ ਨਾ ਕਰਨਾ;
- ਆਪਣੇ ਅਧਿਕਾਰਾਂ ਜਾਂ ਇਖਤਿਆਰਾਂ ਬਾਰੇ ਪਰਯਾਪਤ ਜਾਣਕਾਰੀ ਮੁਹੱਈਆ ਨਾ ਕੀਤਾ ਜਾਣਾ, ਜਾਂ ਗਲਤ ਜਾਣਕਾਰੀ ਦੇਣਾ;
- ਉਮਰ, ਲਿੰਗ, ਅਸਮਰੱਥਤਾ, ਜਾਤੀ, ਰੰਗ, ਲਿੰਗੀ ਜਾਂ ਧਾਰਮਕ ਪ੍ਰਵਿਰਤੀ ਬਾਰੇ ਜੋਖਮ ਹੇਠ ਬਾਲਗ 'ਤੇ ਪੱਖਪਾਤੀ ਕਾਰਵਾਈਆਂ ਜਾਂ ਟਿੱਪਣੀਆਂ;
- ਉਸ ਬਾਲਗ ਦੀ ਸੂਚਤ ਮਨਜ਼ੂਰੀ ਤੋਂ ਬਿਨਾਂ ਉਸਦੀ ਜਾਇਦਾਦ, ਬੈਂਕ ਦੇ ਖਾਤਿਆਂ ਜਾਂ ਸੰਪੱਤੀ ਦੀ ਵਰਤੋਂ ਕਰਨ ਵਾਲਾ ਕੋਈ ਹੋਰ ਵਿਅਕਤੀ; ਅਤੇ
- ਜੋਖਮ ਹੇਠ ਬਾਲਗ ਨੂੰ ਨੁਕਸਾਨ ਤੋਂ ਉਸਦੀ ਰੱਖਿਆ ਕਰਨ ਵਾਲੀ ਉੱਚਿਤ ਦੇਖਭਾਲ ਦੀ ਪ੍ਰਾਪਤੀ ਨਾ ਹੋਣਾ।

**ਨੁਕਸਾਨ ਕੌਣ ਪਹੁੰਚਾ ਸਕਦਾ ਹੈ?**

ਕੋਈ ਵੀ। ਉਦਾਹਰਨ ਲਈ ਉਹ ਇਨ੍ਹਾਂ 'ਚੋਂ ਕੋਈ ਵੀ ਹੋ ਸਕਦਾ ਹੈ :

- ਕਿਸੇ ਸਿਹਤ/ਦੇਖਭਾਲ ਵਿਵਸਥਾ 'ਚ ਸਟਾਫ਼ ਦਾ ਸਦੱਸ;
- ਦੇਖਭਾਲਕਰਤਾ;
- ਸਬੰਧੀ;
- ਪਤੀ/ਪਤਨੀ ਜਾਂ ਸਾਥੀ;
- ਮਿੱਤਰ ਜਾਂ ਪੜੋਸੀ;
- ਸਵੈਸੇਵੀ; ਜਾਂ
- ਅਜਨਬੀ।